weeklypoetry.com

Exam. Code : 108506
Subject Code : 2821

# B.Com. Semester—VI

# PUNJABI COMPULSORY

## Paper–BCG-602 (i)

Time Allowed—3 Hours] [Maximum Marks—50

1. ਨਿਮਨ ਲਿਖਤ ਵਿੱਚੋਂ ਕਿਸੇ **ਇੱਕ** ਕਹਾਣੀ ਦਾ ਵਿਸ਼ਾ-ਵਸਤੂ ਲਿਖੋ :

   (ੳ) ਗੁਲਬਾਨੋ (ਅ) ਘੋਟਣਾ 10

2. ਨਿਮਨ ਲਿਖਤ ਵਿੱਚੋਂ ਕਿਸੇ **ਇੱਕ** ਲੇਖ ਦਾ ਸਾਰ ਲਿਖੋ :

   (ੳ) ਖੁਸ਼ਾਮਦੀ ਨਾਲ (ਅ) ਆਓ, ਗੱਲਾਂ ਕਰੀਏ 10

3. ਨਿਮਨ ਲਿਖਤ ਵਿੱਚੋਂ ਕਿਸੇ **ਇੱਕ** ਵਿਸ਼ੇ 'ਤੇ ਲੇਖ-ਰਚਨਾ ਕਰੋ :

   (ੳ) ਰਾਸ਼ਟਰਵਾਦ

   (ਅ) ਵਿਸ਼ਵੀਕਰਨ

   (ੲ) ਪ੍ਰਦੂਸ਼ਣ 5

4. ਹੇਠ ਲਿਖੇ ਪੈਰੇ ਦੀ ਇੱਕ ਤਿਹਾਈ ਸ਼ਬਦਾਂ ਵਿੱਚ ਸੰਖੇਪ ਰਚਨਾ ਕਰੋ ਅਤੇ ਢੁੱਕਵਾਂ ਸਿਰਲੇਖ ਵੀ ਦਿਓ :

   ਇਸ ਸੰਸਾਰ ਅੰਦਰ ਪ੍ਰਸ਼ਨ ਉਠਾਉਣ, ਪਾਉਣ ਅਤੇ ਕਰਨ ਨੂੰ ਖ਼ਤਰਨਾਕ ਮੰਨਿਆ ਜਾਂਦਾ ਹੈ। ਪ੍ਰਸ਼ਨ ਖੜ੍ਹਾ ਕਰਨ ਵਾਲੇ ਨੂੰ ਨਿੰਦਿਆ ਜਾਂਦਾ ਹੈ। ਉਸ ਦਾ ਮਖੌਲ ਉਡਾਇਆ ਜਾਂਦਾ ਹੈ। ਉਸ ਨੂੰ ਹਰ ਹੀਲੇ ਚੁਪ ਕਰਵਾਇਆ ਜਾਂਦਾ ਹੈ। ਸਰਕਾਰਾਂ, ਅਫ਼ਸਰਸ਼ਾਹੀ ਅਤੇ ਸੰਸਥਾਵਾਂ ਦੇ ਮੁਖੀਆਂ ਨੂੰ ਪ੍ਰਸ਼ਨ ਬੇਆਰਾਮ ਕਰਦੇ ਹਨ। ਜੀਵਨ, ਇਤਿਹਾਸ, ਅਨੁਭਵ ਜਾਂ ਵਰਤਾਰੇ ਨੂੰ ਵੇਖਕੇ ਉਸ ਬਾਰੇ



weeklypoetry.com

ਪ੍ਰਸ਼ਨ ਕਰਨਾ ਸੁਚੇਤ ਮਨੁੱਖਾਂ ਦਾ ਸੁਭਾਅ ਹੁੰਦਾ ਹੈ। ਸਰਕਾਰਾਂ ਤੇ ਸੰਸਥਾਵਾਂ ਦੁਨੀਆਂ ਅੰਦਰ ਅਜਿਹੇ ਪ੍ਰਸ਼ਨ ਕਰਨ ਵਾਲਿਆਂ ਦਾ ਮੂੰਹ ਬੰਦ ਕਰਨ ਲਈ ਜੇਲ੍ਹ ਵਿੱਚ ਬੰਦ ਕਰ ਦਿੰਦੀਆਂ ਰਹੀਆਂ ਹਨ। ਸੁਚੇਤ ਮਨੁੱਖ ਇਤਿਹਾਸ, ਜੀਵਨ, ਅਨੁਭਵ ਜਾਂ ਵਰਤਾਰਿਆਂ ਨੂੰ ਬਾਰੀਕੀ ਨਾਲ ਘੋਖ ਤੇ ਵਿਚਾਰ ਕੇ ਅੰਤ ਉਸ ਤੇ ਪ੍ਰਸ਼ਨ-ਚਿੰਨ੍ਹ ਟਿਕਾ ਦਿੰਦਾ ਹੈ। ਉਹ ਵਰਤ ਚੁੱਕੇ ਵਰਤਾਰੇ 'ਤੇ ਪ੍ਰਸ਼ਨ ਕਰਦਾ ਹੈ ਕਿ ਅਸੀਂ ਇੰਜ ਕਿਉਂ ਕੀਤਾ ? ਇੰਜ ਕਿਉਂ ਨਹੀਂ ਕੀਤਾ ? ਮੁੜ ਕੇ ਕਿਉਂ ਕੀਤਾ ਜਾਵੇ ? ਜਾਂ ਮੁੜ ਕੇ ਫਿਰ ਕਿਉਂ ਨਾ ਕੀਤਾ ਜਾਵੇ ? ਸੁਚੇਤ ਮਨੁੱਖ ਸਦਾ ਪ੍ਰਸ਼ਨਾਂ ਨੂੰ ਮੁੜ ਵਿਚਾਰਨ, ਮੁੜ ਸੋਧਣ, ਮੁੜ ਪਰਿਭਾਸ਼ਿਤ ਕਰਨ ਅਤੇ ਮੁੜ ਸੋਚਣ 'ਤੇ ਜ਼ੋਰ ਦਿੰਦਾ ਹੈ। 5

5. ਕਾਰਕ ਨੂੰ ਪਰਿਭਾਸ਼ਿਤ ਕਰੋ ਅਤੇ ਕਾਰਕੀ ਸੰਬੰਧਾਂ ਬਾਰੇ ਵਿਸਥਾਰ ਸਹਿਤ ਚਰਚਾ ਕਰੋ। 10

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਲਿਖੋ। ਹਰੇਕ ਦਾ ਉੱਤਰ 50 ਸ਼ਬਦਾਂ ਤੋਂ ਵੱਧ ਨਾ ਹੋਵੇ :

(ੳ) 'ਸਾਂਝ' ਕਹਾਣੀ ਦਾ ਮੁੱਖ ਵਿਸ਼ਾ ਕੀ ਹੈ ?

(ਅ) 'ਫੈਸਲਾ' ਕਹਾਣੀ ਅਜੋਕੇ ਮਨੁੱਖ ਦੀ ਭਿਅੰਕਰ ਅਸਲੀਅਤ ਨੂੰ ਕਿਵੇਂ ਮੂਰਤੀਮਾਨ ਕਰਦੀ ਹੈ ?

(ੲ) 'ਉਹ ਸੋਚਦੀ ਕਹਾਣੀ' ਕਿਸ ਭਾਵੁਕ ਸੰਕਟ ਨੂੰ ਚਿਤਰਦੀ ਹੈ ?

(ਸ) 'ਮਨੁੱਖ ਕੁਦਰਤ ਦੀ ਨੇਕ ਔਲਾਦ' ਨਹੀਂ ਲੇਖ ਦੇ ਆਧਾਰ 'ਤੇ ਦੱਸੋ ਕਿ ਸਭ ਤੋਂ ਖ਼ਤਰਨਾਕ ਅਤੇ ਜ਼ਾਲਮ ਜਾਨਵਰ ਕਿਹੜਾ ਹੈ ?

(ਹ) 'ਝੂਠ ਤੇ ਸੱਚ' ਲੇਖ ਵਿੱਚ ਝੂਠ ਤੇ ਸੱਚ ਨੂੰ ਕਿਵੇਂ ਪਰਿਭਾਸ਼ਿਤ ਕੀਤਾ ਗਿਆ ਹੈ ? $5 \times 2 = 10$



weeklypoetry.com